*Int. Jr. of Contemp. Res. in Multi.* OPEN ACCESS *Volume 4 Issue 4 [Jul- Aug] Year 2025*




***Research Article***

# ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਸਮਾਜਿਕ ਸਰੋਕਾਰ

**ਡਾ. ਹਰਵਿੰਦਰ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ, ਪੰਜਾਬ, ਭਾਰਤ

**Corresponding Author:** * ਡਾ. ਹਰਵਿੰਦਰ ਕੌਰ

**DOI:** https://doi.org/10.5281/zenodo.21721141

**ਸਾਰ**

ਸਿੱਖ ਧਰਮ ਅਜਿਹਾ ਇੱਕ ਵਿਲੱਖਣ ਧਰਮ ਹੈ ਜਿਸ ਨੇ ਸਮੁੱਚੀ ਦੁਨੀਆਂ ਨੂੰ ਮਾਨਵਤਾ ਦਾ ਪਾਠ ਪੜ੍ਹਾਇਆ ਹੈ। ਸਿੱਖ ਧਰਮ ਨੇ ਸਮਾਜ ਵਿਚ ਫ਼ੈਲੀ ਨਫ਼ਰਤ, ਕਾਣੀ-ਵੰਡ, ਭੇਦ-ਭਾਵ ਨੂੰ ਖ਼ਤਮ ਕਰਕੇ ਮਾਨਵਤਾ ਦਾ ਸੰਦੇਸ਼ ਦਿੱਤਾ ਹੈ। ਮੱਧਕਾਲ ਦੇ ਸਨਾਤਨੀ ਬ੍ਰਾਹਮਣੀ ਧਰਮ ਨੂੰ ਢਾਹ ਲਾ ਕੇ ਵੱਖਰੇ ਧਰਮ ਦੀ ਸਥਾਪਨਾ ਕਰਨਾ ਆਪਣੇ ਆਪ ਵਿਚ ਇਨਕਲਾਬ ਸੀ। ਬ੍ਰਹਮਣੀ ਸਮਾਜ ਨੇ ਧਾਰਮਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਿਕ ਖੇਤਰਾਂ ਨੂੰ ਆਪਣੇ ਅਧੀਨ ਕਰ ਕੇ ਸਧਾਰਨ ਮਨੁੱਖ ਦੇ ਅਵਚੇਤਨ ਨੂੰ ਕਾਬੂ ਕੀਤਾ ਹੋਇਆ ਸੀ। ਮਨੁੱਖ ਦਾ ਜੰਮਣਾ ਮਰਨਾ, ਵਿਆਹ, ਆਦਿ ਦੇ ਸਾਰੇ ਰੀਤੀ ਰਿਵਾਜ਼ ਇੱਕ ਕਿਸਮ ਦੇ ਪ੍ਰਵਚਨ ਦੀ ਉਸਾਰੀ ਹੀ ਹੁੰਦੇ ਹਨ ਜੋ ਮਨੁੱਖ ਦੇ ਮਨ ਵਿਚਲੀ ਸਪੇਸ ਨੂੰ ਘੇਰ ਕੇ ਹਰ ਕਿਰਿਆ ਨੂੰ ਕੰਟਰੋਲ ਕਰਦੇ ਹਨ। ਕਲਾਤਮਿਕ ਬਿੰਬਾਂ ਰਾਹੀਂ ਮਨੁੱਖ ਦੇ ਅਵਚੇਤਨ ਨੂੰ ਘੜ੍ਹਦੇ ਹਨ। ਜਿਵੇਂ ਸਮਾਜ ਵਿਚ ਘਰ, ਪਰਿਵਾਰ, ਸਾਧੂ, ਸੰਤ, ਵਿਆਹ ਪ੍ਰਬੰਧ, ਖਿਡਾਰੀ, ਆਦਿ ਦਾ ਬਿੰਬ ਪਇਆ ਹੈ ਜੋ ਆਪਣੇ ਇੱਕ ਅਲੱਗ ਪ੍ਰਵਚਨ ਦੀ ਉਸਾਰੀ ਕਰਦਾ ਹੈ। ਇਹ ਸਾਰੇ ਆਪਣੇ ਕੋਲ ਵਿਸ਼ੇਸ਼ ਅਥਾਰਟੀ ਰੱਖਦੇ ਹਨ। ਇਨ੍ਹਾਂ ਵੱਲੋਂ ਆ ਰਹੇ ਬਿਆਨ/ਵਿਚਾਰ ਸਿਆਣਪ ਅਤੇ ਗਿਆਨ ਦੇ ਪ੍ਰਤੀਕ ਹਨ। ਗਿਆਨ ਤੇ ਸਿਆਣਪ ਹੀ ਪ੍ਰਵਚਨ ਦੀ ਤਾਕਤ ਬਣ ਜਾਂਦੇ ਹਨ। ਮਨੁੱਖੀ ਵਿਵਹਾਰ ਪੀੜ੍ਹੀ ਦਰ ਪੀੜ੍ਹੀ ਇਨ੍ਹਾਂ ਬਿੰਬਾਂ ਨੂੰ ਹੋਰ ਮਜ਼ਬੂਤ ਕਰ ਦਿੰਦਾ ਹੈ। ਸਮਾਜ ਵਿਚ ਵਿਚਰ ਰਹੇਂ ਚਿੰਤਕ, ਵਿਦਵਾਨ ਇਨ੍ਹਾਂ ਬਿੰਬਾਂ ਦੁਆਰਾ ਦਿੱਤੇ ਜਾ ਰਹੇ ਪ੍ਰਵਚਨ ਨੂੰ ਆਪਣੀ ਕਲਮ ਦੀ ਸ਼ਕਤੀ ਰਾਹੀਂ ਤੋੜਨ ਦਾ ਯਤਨ ਕਰਦੇ ਹਨ। ਕਿਉਂਕਿ ਸਧਾਰਨ ਮਨੁੱਖ ਕੋਲ ਅਦਿੱਖ ਤਾਕਤ(ਪ੍ਰਵਚਨ) ਨੂੰ ਤੋੜਨ ਦਾ ਗਿਆਨ ਨਹੀਂ ਹੁੰਦਾ। ਲੇਖਕ ਆਪਣੀ ਸ਼ਬਦ ਸ਼ਕਤੀ ਰਾਹੀਂ ਪ੍ਰਵਚਨ ਨੂੰ ਤੋੜਨ ਦਾ ਗਿਆਨ ਦਿੰਦਾ ਹੈ।

**Manuscript Information**

- **ISSN No:** 2583-7397
- **Received:** 03-07-2025
- **Accepted:** 27-08-2025
- **Published:** 30-08-2025
- **IJCRM:**4(4); 2025: 804-806
- **©2025, All Rights Reserved**
- **Plagiarism Checked:** Yes
- **Peer Review Process:** Yes

**How to Cite this Article**

ਕੌਰ ਹ. ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਸਮਾਜਿਕ ਸਰੋਕਾਰ. Int J Contemp Res Multidiscip. 2025;4(4):804-806.

**Access this Article Online**

www.multiarticlesjournal.com

**ਮੁੱਖ ਸ਼ਬਦ:** ਪ੍ਰਵਚਨ, ਬਿੰਬ, ਵਿਚਾਰਧਾਰਾ, ਪ੍ਰਤੀਰੋਧ, ਅਵਚੇਤਨ ਆਦਿ


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

## ਭੂਮਿਕਾ

ਸਿੱਖ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਅਤੇ ਧਰਮ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਮੱਧਕਾਲ ਦੇ ਸਨਾਤਨੀ ਬ੍ਰਾਹਮਣੀ ਧਰਮ ਨੂੰ ਢਾਹ ਲਾ ਕੇ ਵੱਖਰੇ ਧਰਮ ਦੀ ਸਥਾਪਨਾ ਕਰਨਾ ਆਪਣੇ ਆਪ ਵਿਚ ਇਨਕਲਾਬ ਸੀ। ਬ੍ਰਹਮਣੀ ਸਮਾਜ ਨੇ ਧਾਰਮਿਕ, ਆਰਥਿਕ,ਰਾਜਨੀਤਿਕ, ਸੱਭਿਆਚਾਰਿਕ ਖੇਤਰਾਂ ਨੂੰ ਆਪਣੇ ਅਧੀਨ ਕਰ ਕੇ ਸਧਾਰਨ ਮਨੁੱਖ ਦੇ ਅਵਚੇਤਨ ਨੂੰ ਕਾਬੂ ਕੀਤਾ ਹੋਇਆ ਸੀ। ਮਨੁੱਖ ਦਾ ਜੰਮਣਾ ਮਰਨਾ, ਵਿਆਹ, ਆਦਿ ਦੇ ਸਾਰੇ ਰੀਤੀ ਰਿਵਾਜ਼ ਇੱਕ ਕਿਸਮ ਦੇ ਪ੍ਰਵਚਨ ਦੀ ਉਸਾਰੀ ਹੀ ਹੁੰਦੇ ਹਨ ਜੋ ਮਨੁੱਖ ਦੇ ਮਨ ਵਿਚਲੀ ਸਪੇਸ ਨੂੰ ਘੇਰ ਕੇ ਹਰ ਕਿਰਿਆ ਨੂੰ ਕੰਟਰੋਲ ਕਰਦੇ ਹਨ। ਕਲਾਤਮਿਕ ਬਿੰਬਾਂ ਰਾਹੀਂ ਮਨੁੱਖ ਦੇ ਅਵਚੇਤਨ ਨੂੰ ਘੜ੍ਹਦੇ ਹਨ। ਜਿਵੇਂ ਸਮਾਜ ਵਿਚ ਘਰ, ਪਰਿਵਾਰ, ਸਾਧੂ, ਸੰਤ, ਵਿਆਹ ਪ੍ਰਬੰਧ, ਖਿਡਾਰੀ, ਆਦਿ ਦਾ ਬਿੰਬ ਪਇਆ ਹੈ ਜੋ ਆਪਣੇ ਇੱਕ ਅਲੱਗ ਪ੍ਰਵਚਨ ਦੀ ਉਸਾਰੀ ਕਰਦਾ ਹੈ। ਇਹ ਸਾਰੇ ਆਪਣੇ ਕੋਲ ਵਿਸ਼ੇਸ਼ ਅਥਾਰਟੀ ਰੱਖਦੇ ਹਨ। ਇਨ੍ਹਾਂ ਵੱਲੋਂ ਆ ਰਹੇ ਬਿਆਨ/ਵਿਚਾਰ ਸਿਆਣਪ ਅਤੇ ਗਿਆਨ ਦੇ ਪ੍ਰਤੀਕ ਹਨ। ਗਿਆਨ ਤੇ ਸਿਆਣਪ ਹੀ ਪ੍ਰਵਚਨ ਦੀ ਤਾਕਤ ਬਣ ਜਾਂਦੇ ਹਨ। ਮਨੁੱਖੀ ਵਿਵਹਾਰ ਪੀੜ੍ਹੀ ਦਰ ਪੀੜ੍ਹੀ ਇਨ੍ਹਾਂ ਬਿੰਬਾਂ ਨੂੰ ਹੋਰ ਮਜ਼ਬੂਤ ਕਰ ਦਿੰਦਾ ਹੈ। ਸਮਾਜ ਵਿਚ ਵਿਚਰ ਰਹੇਂ ਚਿੰਤਕ, ਵਿਦਵਾਨ ਇਨ੍ਹਾਂ ਬਿੰਬਾਂ ਦੁਆਰਾ ਦਿੱਤੇ ਜਾ ਰਹੇ ਪ੍ਰਵਚਨ ਨੂੰ ਆਪਣੀ ਕਲਮ ਦੀ ਸ਼ਕਤੀ ਰਾਹੀਂ ਤੋੜਨ ਦਾ ਯਤਨ ਕਰਦੇ ਹਨ। ਕਿਉਂਕਿ ਸਧਾਰਨ ਮਨੁੱਖ ਕੋਲ ਅਦਿੱਖ ਤਾਕਤ(ਪ੍ਰਵਚਨ) ਨੂੰ ਤੋੜਨ ਦਾ ਗਿਆਨ ਨਹੀਂ ਹੁੰਦਾ। ਲੇਖਕ ਆਪਣੀ ਸ਼ਬਦ ਸ਼ਕਤੀ ਰਾਹੀਂ ਪ੍ਰਵਚਨ ਨੂੰ ਤੋੜਨ ਦਾ ਗਿਆਨ ਦਿੰਦਾ ਹੈ। ਤਸਕੀਨ ਅਨੁਸਾਰ,

> ਲੇਖਕ ਦੁਆਰਾ ਰਚੇ ਸ਼ਬਦ ਹਵਾ ਵਿਚੋਂ ਨਹੀਂ ਹੁੰਦੇ ਸਗੋਂ ਸਮਾਜਿਕ ਸਥਿਤੀ ਦੇ ਗਰਭ ਵਿਚ ਉਬਲਦੇ ਲਾਵੇ ਦਾ ਸੰਕੇਤ/ਪੂਰਵ-ਅਨੁਮਾਨ ਹੁੰਦੇ ਹਨ। ਅਸੀਂ ........ਪੰਜਾਬ ਦੇ ਮੱਧਕਾਲੀ ਸਾਹਿਤ ਵਿਚ ਰਵਿਦਾਸ, ਨਾਨਕ, ਬੁੱਲਾ, ਵਾਰਸ ਆਦਿ ਅਨੇਕਾਂ ਨਾਮ ਹਨ ਜਿਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਸਿਰਫ਼ ਸਾਹਿਤ ਨਹੀਂ ਸਗੋਂ ਉਸ ਵੇਲੇ ਦਾ ਦਰਸ਼ਨ ਅਤੇ ਇਤਿਹਾਸ ਹਨ।[1]

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਕਲਾਤਮਿਕ ਸ਼ਕਤੀ ਰਾਹੀਂ ਸਮਾਜ ਵਿਚਲੀ ਬ੍ਰਹਮਣਵਾਦੀ ਵਿਚਾਰਧਾਰਾ ਨੂੰ ਤੋੜਨ ਦਾ ਸਾਹਸ ਕੀਤਾ ਸੀ। ਸਮਾਜ ਵਿਚ ਬ੍ਰਾਹਮਣਵਾਦ ਨੇ ਗ੍ਰੰਥ ਰਚੇ ਅਤੇ ਇਨ੍ਹਾਂ ਦੀ ਵਿਆਖਿਆ ਵੀ ਆਪ ਕੀਤੀ। ਸਦੀਆਂ ਤੋਂ ਸਨਾਤਨੀ ਵਿਚਾਰਧਾਰਾ ਨੇ ਆਪਣੇ ਪ੍ਰਵਚਨ ਰਾਹੀਂ ਸਧਾਰਨ ਮਨੁੱਖ ਦੇ ਅਵਚੇਤਨ ਨੂੰ ਘੜ੍ਹਿਆ ਹੈ। ਜਾਤ ਪਾਤ ਦੇ ਸਿਸਟਮ ਵਿਚ ਬੱਝੇ ਲੋਕ ਆਪਣੀ ਹਾਲਤ ਨੂੰ ਪਿਛਲੇ ਕਰਮਾਂ ਦੀ ਖੇਡ ਸਮਝ ਰਹੇਂ ਸਨ। ਜਾਤ-ਪਾਤ ਦੇ ਸਿਸਟਮ ਤੋਂ ਬ੍ਰਹਮਣ ਜਾਤੀ ਪੂਰਾ ਲਾਭ ਪ੍ਰਾਪਤ ਕਰ ਰਹੀ ਸੀ। ਉਨ੍ਹਾਂ ਦੇ ਧਰਮ, ਰਿਵਾਜ, ਅਵਤਾਰ ਸਿਧਾਂਤ, ਧਰਮ ਦੇ ਵਿਚਾਰ, ਭਿੱਟ ਆਦਿ ਸਭ ਦੀ ਵਰਤੋਂ ਆਪਣੇ ਲਾਭਾਂ ਲਈ ਅਤੇ ਸਮਾਜ ਦੀ ਜਾਤ-ਪਾਤੀ ਬਣਤਰ ਨੂੰ ਪੱਕਿਆਂ ਕਰਨ ਲਈ ਕੀਤੀ।[2] ਸ੍ਰੀ ਗੁਰੂ ਅੰਗਦ ਦੇਵ ਜੀ ਦੀ ਲੰਗਰ ਪ੍ਰਥਾ ਇਸ ਜਾਤ-ਪਾਤ ਦੇ ਸਿਧਾਂਤ ਦੀ ਹੀ ਉਪਜ ਹੈ। ਲੰਗਰ ਪ੍ਰਥਾ ਦੇ ਸਿਧਾਂਤ ਨੂੰ ਸਨਾਤਨੀ ਸਮੇਂ ਵਿਚ ਖੜ੍ਹਾ ਕਰਨ ਆਪਣੇ ਆਪ ਵਿਚ ਇਨਕਲਾਬ ਸੀ। ਜਿਸ ਦੀ ਨੀਂਹ ਪਹਿਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ। ਜਦੋਂ ਸਾਰੀ ਲੋਕਾਈ ਇੱਕ ਪੰਗਤ ਵਿਚ ਬੈਠ ਕੇ ਲੰਗਰ ਛੱਕਦੀ ਤਾਂ ਅਮੀਰ ਗਰੀਬ, ਬ੍ਰਹਮਣ ਅਤੇ ਸ਼ੂਦਰ ਦੀ ਪਛਾਣ ਦੇ ਮਸਲਾ ਨੂੰ ਢਾਹ ਲੱਗੀ ਸੀ। ਗੁਰੂ ਜੀ ਆਪ ਗੁਰ ਸ਼ਬਦ ਦਾ ਲੰਗਰ ਲਾਉਂਦੇ ਸਨ। ਜਿਵੇਂ-

> ਲੰਗਰ ਚਲੈ ਗੁਰ ਸਬਦਿ
> ਹਰਿ ਤੋਟਿ ਨ ਆਵੀ ਖਟੀਐ।। ਅੰਗ 967

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਸੰਸਕ੍ਰਿਤ ਧਰਮ ਭਾਸ਼ਾ ਸੀ। ਧਰਮ ਭਾਸ਼ਾ ਵਿਚ ਹੀ ਸੰਸਕ੍ਰਿਤ ਦਾ ਗਿਆਨ ਦਿੱਤਾ ਸੀ। ਵੇਦ ਅਤੇ ਉਸ ਸਮੇਂ ਦੇ ਗ੍ਰੰਥ ਵੀ ਸੰਸਕ੍ਰਿਤ ਵਿੱਚ ਲਿਖੇ ਹੋਏ ਸਨ। ਬ੍ਰਹਮਣਾਂ ਨੇ ਗ੍ਰੰਥ ਪੜਨ ਦਾ ਅਧਿਕਾਰ ਵੀ ਸਧਾਰਨ ਮਨੁੱਖ ਨੂੰ ਨਹੀਂ ਦਿੱਤਾ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਇਕੱਤਰ ਕਰ ਕੇ ਸਾਰੀ ਬਾਣੀ ਨੂੰ ਤਰਤੀਬ ਬੱਧ ਕੀਤਾ ਸੀ। ਇਸ ਨਾਲ ਗੁਰਮੁਖੀ ਲਿਪੀ ਨੂੰ ਵੀ ਸਮਾਜ ਵਿਚ ਪ੍ਰਸਿੱਧੀ ਪ੍ਰਾਪਤ ਹੋਈ ਜਿਹੜੀ ਉਸ ਸਮੇਂ ਬ੍ਰਹਮਣਾਂ ਦੀ ਸੰਸਕ੍ਰਿਤ ਨੂੰ ਹਾਸਿਲ ਹੋਈ। ਗੁਰਮੁਖੀ ਲਿਪੀ ਸਧਾਰਨ ਮਨੁੱਖ ਦੀ ਮਾਤ ਭਾਸ਼ਾ ਸੀ। ਜਦੋਂ ਧਾਰਮਿਕ ਸਾਹਿਤ ਇਸ ਬੋਲੀ ਵਿਚ ਰਚਿਆ ਜਾਣ ਲੱਗਾ ਤਾਂ ਬ੍ਰਹਮਣਵਾਦੀ ਸੰਸਕ੍ਰਿਤ ਦਾ ਸਮਾਜ ਵਿਚ ਮਾਨਤਾ ਘੱਟ ਗਿਆ ਸੀ। ਗੁਰੂ ਜੀ ਨੇ ਪੈੜੇ ਮੋਖੇ ਨੂੰ ਗੁਰਬਾਣੀ ਲਿਖਣ ਦਾ ਕੰਮ ਸਪੁਰਦ ਕੀਤਾ ਸੀ ਕਿਉਂਕਿ ਉਹ ਪਹਿਲਾ ਹੀ ਇਹ ਲਿਪੀ ਜਾਣਦੇ ਸਨ। ਗੁਰੂ ਜੀ ਦਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਹੈ। ਗੁਰੂ ਜੀ ਨੇ ਸਮਕਾਲੀ ਲਿਖਾਰੀਆਂ ਨੂੰ ਸਾਹਿਤ ਲਿਖਣ ਦੀ ਪ੍ਰੇਰਨਾ ਦਿੱਤੀ। ਗੁਰਬਾਣੀ, ਗੁਰਮਤਿ ਸਾਹਿਤ ਅਤੇ ਸਾਹਿਤ ਅਤੇ ਪੰਜਾਬੀ ਭਾਸ਼ਾ ਵਾਸਤੇ ਗੁਰਮੁਖੀ ਲਿਪੀ ਦੇ ਵਰਤਮਾਨ ਰੂਪ ਦੀ ਵਰਤੋਂ ਭਾਰਤੀ ਭਾਸ਼ਾਵਾਂ ਦੇ ਇਤਿਹਾਸ ਦੀ ਇੱਕ ਅਜਿਹੀ ਪ੍ਰਾਪਤੀ ਹੈ ਜਿਸ ਉਪਰ ਨਿਸ਼ਚੇ ਹੀ ਮਾਣ ਕੀਤਾ ਜਾ ਸਕਦਾ ਹੈ। ਇਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਦੂਰ ਦ੍ਰਿਸ਼ਟੀ ਅਤੇ ਵਿਗਿਆਨਿਕ ਸੋਚ ਦਾ ਹੀ ਸਿੱਟਾ ਹੈ।[3]

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਧਾਰਨ ਮਨੁੱਖ ਨੂੰ ਗਿਆਨ ਦੇ ਪੱਖ ਤੋਂ ਮਜ਼ਬੂਤ ਕਰ ਕੇ ਨਾਲ ਦੀ ਨਾਲ ਸਰੀਰਕ ਪੱਖ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਖਡੂਰ ਸਾਹਿਬ ਵਿਚ 'ਮਲ ਅਖਾੜੇ' ਪ੍ਰਬੰਧ ਕੀਤਾ ਸੀ। ਸਮਾਜ ਦੀ ਇੱਕ ਧਿਰ ਜੋ ਸਦੀਆਂ ਤੋਂ ਹਾਸ਼ੀਏ 'ਤੇ ਸੀ, ਜੋ ਮਾਨਸਿਕ ਅਤੇ ਸਰੀਰਕ ਤੌਰ 'ਤੇ ਹੀਣ ਹੋ ਗਈ ਸੀ। ਹੁਣ ਉਸ ਧਿਰ ਨੂੰ ਸ਼ਾਸ਼ਤਰ ਅਤੇ ਸ਼ਸਤਰ ਦਾ ਗਿਆਨ ਹਾਸਿਲ ਕਰਨ ਦਾ ਮੌਕਾ ਮਿਲ ਗਿਆ ਸੀ। ਇਸ ਨਾਲ ਬ੍ਰਹਮਣਵਾਦ ਦੀ ਪਰੰਪਰਾ ਨੂੰ ਪੂਰੀ ਢਾਹ ਲੱਗ ਗਈ ਸੀ ਕਿਉਂਕਿ ਸੁੱਚ ਤੇ ਭਿੱਟ ਦਾ ਬ੍ਰਹਮਣੀ ਸੰਕਲਪ ਟੁੱਟ ਰਿਹਾ ਸੀ। ਜਾਤੀ-ਪਾਤੀ ਸਮਾਜ ਵਿਚ ਨਿਮਨ ਵਰਗ ਨੂੰ ਇਕੱਠਿਆਂ ਪੰਗਤ ਵਿਚ ਬੈਠ ਕੇ ਭੋਜਨ ਜਾਂ ਭਜਨ ਕੀਰਤਨ ਸੁਣਨਾ ਹੀ ਵਰਜਿਤ ਨਹੀਂ ਸੀ ਸਗੋਂ ਜੇਕਰ ਉਸ ਦੇ ਕੰਨਾਂ ਵਿਚ ਕੋਈ ਧਾਰਮਿਕ ਮੰਤਰ ਪੈ ਜਾਂਦਾ ਸੀ ਤਾਂ ਉਸ ਦੇ ਕੰਨਾਂ ਵਿਚ ਸਿੱਕੇ ਢਾਲ ਕੇ ਪਾ ਦਿੱਤੇ ਜਾਂਦੇ ਸੀ। ਅਜਿਜੇ ਨਾ-ਬਰਾਬਰੀ ਵਾਲੇ ਸਮਾਜ ਵਿਚ ਸ਼ੂਦਰ ਨੂੰ ਬਰਾਬਰੀ ਦਾ ਦਰਜ਼ਾ ਦੇਣਾ ਤਾਂ ਬੜੀ ਦੂਰ ਦੀ ਗੱਲ ਸਗੋਂ ਛੂਹ ਅਤੇ ਦਿੱਖ ਨੂੰ ਵੀ ਮਾੜਾ ਸਮਝਿਆ ਜਾਂਦਾ ਸੀ। ਭਾਰਤੀ ਸਮਾਜ ਵਿਚ ਸੁੱਚ ਅਤੇ ਭਿੱਟ ਦਾ ਸੰਕਲਪ ਬੁਰੇ ਤਰੀਕੇ ਨਾਲ ਫ਼ੈਲਿਆ ਹੋਇਆ ਸੀ। ਜਗਜੀਤ ਸਿੰਘ ਆਪਣੀ ਪੁਸਤਕ 'ਸਿੱਖ ਇਨਕਲਾਬ' ਵਿਚ ਲਿਖਦੇ ਹਨ,

> ਕੇਵਲ ਸਿੱਧੀ ਛੋਹ ਦੇ ਕਾਰਨ ਹੀ ਕਿਸੇ ਨੂੰ ਅਪਵਿੱਤਰ ਜਾਂ ਪਲੀਤ ਨਹੀਂ ਗਿਣਿਆ ਜਾਂਦਾ ਸੀ। ਸਗੋਂ ਚੀਜ਼ਾਂ ਰਾਹੀਂ ਅਸਿੱਧੀ ਛੋਹ ਕਾਰਨ ਜਾਂ ਏਥੋਂ ਤੱਕ ਕਿ ਨਜ਼ਰ ਪੈਣ ਨਾਲ, ਭਿੱਟ ਚੰਮੜ ਜਾਂਦੀ ਸੀ।[4]

ਅਜਿਹੇ ਸਮਾਜ ਨੂੰ ਬਰਾਬਰੀ ਦਾ ਦਰਜ਼ਾ ਦੇਣਾ ਆਪਣੇ ਆਪ ਵਿਚ ਗੁਰੂ ਅੰਗਦ ਦੇਵ ਜੀ ਦੀ ਪ੍ਰਾਪਤੀ ਸੀ। ਗੁਰੂ ਜੀ ਸਧਾਰਨ ਮਨੁੱਖ ਵਿਚ ਗਿਆਨ ਦੇ ਨਾਲ ਨਾਲ ਸਰੀਰਕ ਮਜ਼ਬੂਤੀ ਦਾ ਵੀ ਸੰਚਾਰ ਕਰਨਾ ਚਾਹੁੰਦੇ ਸਨ। ਅਖਾੜੇ ਵਿਚ ਨੌਜਵਾਨ ਕੁਸ਼ਤੀ ਖੇਡਦੇ ਸਨ। ਸਮਾਜ ਵਿਚ ਗਿਆਨ ਪ੍ਰਵਚਨ ਦਾ ਢਾਂਚਾ ਟੁੱਟ ਰਿਹਾ ਸੀ ਅਤੇ ਮਾਨਵਵਾਦ ਦਾ ਸੰਕਲਪ ਆਪਣੀ ਹੋਂਦ ਗ੍ਰਹਿਣ ਕਰ ਰਿਹਾ ਸੀ। ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ-

> ਆਪੇ ਛਿੰਝ ਪਵਾਇ ਮਲ ਅਖਾੜਾ ਰਚਿਆ।। ਅੰਗ 1280

ਗੁਰੂ ਜੀ ਨੇ ਗੁਰੂ ਨਾਨਕ ਦੇਵ ਹੀ ਦੀ ਵਿਚਾਰਧਾਰਾ ਨੂੰ ਅਪਣਾ ਕੇ ਸਿੱਖ ਧਰਮ ਦੀ ਵੱਖਰੀ ਪਰੰਪਰਾ ਨੂੰ ਜਨਮ ਦਿੱਤਾ ਸੀ। ਇੱਕ ਅਜਿਹੀ ਕੌਮ ਨੂੰ ਘੜ੍ਹਿਆ ਜੋ ਸਧਾਰਨ ਪਛਾਣ ਦੀ ਧਾਰਨੀ ਸੀ। ਜਿਸ ਵਿਚ ਕੋਈ ਉੱਚਾ ਨੀਵਾ, ਅਮੀਰ-ਗਰੀਬ, ਜਾਤ-ਪਾਤ, ਆਦਿ ਕਿਸੇ ਵੀ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਹੈ। ਅਜਿਜੇ ਮਨੁੱਖ ਦੀ ਛਵੀ ਤਿਆਰ ਹੋ ਰਹੀਂ ਸੀ। ਗੁਰੂ ਜੀ ਨੇ ਹੱਥੀ ਕਿਰਤ ਕਰਨ


© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/

ਦੀ ਪਿਰਤ ਨੂੰ ਵੀ ਉਤਸ਼ਾਹਿਤ ਕੀਤਾ। ਗੁਰੂ ਘਰ ਦੀ ਆਮਦਨ 'ਚ ਆਪ ਕੁਝ ਨਹੀਂ ਰੱਖਦੇ ਸਨ ਸਗੋਂ ਹੱਥੀ ਕਿਰਤ ਕਰਦੇ ਸਨ। ਪਰਮਾਤਮਾ ਹਰ ਇੱਕ ਇਨਸਾਨ ਵਿਚ ਵਸਿਆ ਹੋਇਆ ਹੈ ਇਸ ਲਈ ਉਸਦੀ ਰਜ਼ਾ ਵਿਚ ਰਹਿ ਕੇ ਸੇਵਾ ਵਰਗੇ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ। ਜਿਵੇਂ

ਚਾਕਰ ਲਗੈ ਚਾਕਰੀ ਨਾਲੇ ਗਾਰਬੁ ਵਾਦੁ।।
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ।।
ਆਪ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।।
ਨਾਨਕ ਜਿਸ ਨੋ ਲਗਾ ਤਿਸ
ਮਿਲੈ ਲਗਾ ਸੋ ਪਰਵਾਨੁ।। ਅੰਗ 474

ਗੁਰੂ ਨਾਨਕ ਦੇਵ ਜੀ ਨੇ ਗੁਰੂ ਜੀ ਨੂੰ ਗੁਰਗੱਦੀ ਸੌਂਪਣ ਤੋਂ ਪਹਿਲਾ ਉਨ੍ਹਾਂ ਨੂੰ ਪਰਖਿਆ। ਮੀਂਹ ਪੈਣ ਕਾਰਨ ਘਰ ਦੀ ਕੰਧ ਢਹਿ ਗਈ ਸੀ। ਗੁਰੂ ਜੀ ਦੇ ਹੁਕਮ ਨਾਲ ਅੱਧੀ ਰਾਤ ਨੂੰ ਹੀ ਗਾਰਾ ਤਿਆਰ ਕਰ ਕੇ ਕੰਧ ਤਿਆਰ ਕਰ ਦਿੱਤੀ ਸੀ। ਸਰਦ ਰੁੱਤ ਵਿਚ ਅੱਧੀ ਰਾਤ ਨੂੰ ਕੱਪੜੇ ਧੋਣ ਭੇਜਣਾ, ਇਹ ਗੁਰੂ ਅੰਗਦ ਦੇਵ ਜੀ ਦੀਆਂ ਪ੍ਰੀਖਿਆਵਾਂ ਸਨ। ਜਿਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਨੇ ਹੁਕਮ ਅਨੁਸਾਰ ਮੰਨਿਆ ਸੀ। ਇਨ੍ਹਾਂ ਪ੍ਰੀਖਿਆਵਾਂ ਦਾ ਆਧਾਰ ਗੁਰੂ ਜੀ ਵਿਚ ਸਹਿਜ ਗੁਣਾਂ ਦਾ ਵਿਕਾਸ ਕਰਨਾ ਸੀ ਅਤੇ ਕਰਤੇ ਦੇ ਹੁਕਮ ਨੂੰ ਸਤ ਸਤ ਕਰ ਕੇ ਜਾਣਨਾ ਸੀ। ਜਦੋਂ ਗੁਰਗੱਦੀ ਪ੍ਰਾਪਤ ਹੋਈ ਉਦੋਂ ਵੀ ਗੁਰੂ ਨਾਨਕ ਦੇਵ ਜੀ ਨੇ ਪ੍ਰੀਖਿਆ ਲਈ ਸੀ। ਗੁਰੂ ਕਰਤਾਰਪੁਰ ਵਿਚ ਰਾਵੀਂ ਦੇ ਕੰਢੇ ਹੱਥ ਵਿਚ ਸੋਟਾ ਫੜ ਤੁਰ ਪਏ ਸਨ। ਜਦੋਂ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਦੇਖਿਆ ਤਾਂ ਉਹ ਨਿਰਾਸ਼ ਹੋ ਕੇ ਵਾਪਿਸ ਆ ਗਏ ਸਨ। ਪਰ ਭਾਈ ਲਹਿਣਾ ਜੀ ਨਾ ਮੁੜੇ। ਉਹ ਆਪਣੇ ਸਿੱਦਕ ਅਤੇ ਸਹਿਜਤਾ ਨਾਲ ਗੁਰੂ ਜੀ ਦੇ ਪਿਛੇ ਤੁਰ ਰਹੇ ਸਨ। ਗੁਰੂ ਹੀ ਨੇ ਉਨ੍ਹਾਂ ਨੂੰ ਵਾਪਿਸ ਜਾਣ ਲਈ ਕਿਹਾ, ਪਰ ਭਾਈ ਲਹਿਣਾ ਜੀ ਨੇ ਨਾਂਹ ਕਰ ਦਿੱਤੀ ਸੀ। ਫ਼ਿਰ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਜੇ ਵਾਪਿਸ ਨਹੀਂ ਜਾਣਾ ਫਿਰ ਇਹ ਮੁਰਦਾ ਖਾ ਲਵੋਂ। ਹਿੰਦੂ ਧਰਮ ਦੇ ਸਨ ਭਾਈ ਲਹਿਣਾ ਜੀ, ਉਨ੍ਹਾਂ ਲਈ ਇਹ ਬਹੁਤ ਕਰੜੀ ਪ੍ਰੀਖਿਆ ਸੀ। ਪਰ ਫਿਰ ਵੀ ਉਨ੍ਹਾਂ ਨੇ ਹੱਥ ਜੋੜ ਕੇ ਹੁਕਮ ਨੂੰ ਸਤ ਵਚਨ ਮੰਨਿਆ। ਗੁਰੂ ਜੀ ਨੇ ਆਪ ਨੂੰ ਗ਼ਲੇ ਲਾਇਆ ਅਤੇ ਕਿਹਾ ਤੁਸੀਂ ਮੇਰੇ ਅੰਗ ਹੋ। ਹੁਣ ਮੇਰੇ ਤੇ ਤੇਰੇ ਵਿਚ ਕੋਈ ਅੰਤਰ ਨਹੀਂ ਹੈ। ਗੁਰੂ ਅਤੇ ਗੁਰਬਾਣੀ ਦੇ ਮਹੱਤਵ ਨੂੰ ਵੀ ਆਪਣੀ ਬਾਣੀ ਰਾਹੀਂ ਦੱਸਿਆ। ਗੁਰੂ ਜੀ ਦੀ ਬਾਣੀ ਸਰਲ ਸਪੱਸ਼ਟ ਸੀ। ਕਰਮ-ਕਾਂਡ, ਵਹਿਮ-ਭਰਮ, ਨਰਕ ਸੁਰਗ ਦੇ ਡਰਾਵੇ ਤੋਂ ਰਹਿਤ ਬਾਣੀ ਆਮ ਮਨੁੱਖ ਦੇ ਮਨ ਨੂੰ ਸ਼ਾਂਤੀ ਬਖ਼ਸ਼ਦੀ ਸੀ। ਮਨ ਚੰਚਲ ਹੈ, ਇਸ ਨੂੰ ਵੱਸ ਕਰਨ ਲਈ ਗੁਰੂ ਨੂੰ ਮਹੱਤਤਾ ਦਿੱਤੀ। ਮਨੁੱਖ ਮਾਇਆ ਅਤੇ ਆਪਣੀ ਤ੍ਰਿਸ਼ਨਾ ਹੇਠ ਗ਼ਲਤ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਲਈ ਮਨ ਨੂੰ ਕਾਬੂ ਕਰਨ ਲਈ ਸਾਨੂੰ ਗੁਰੂ ਦੇ ਚਰਨਾਂ ਵਿਚ ਆਉਣਾ ਚਾਹੀਦਾ ਹੈ। ਮਨੁੱਖ ਆਪਣੇ ਮਨ ਦੀਆਂ ਕਮਜ਼ੋਰੀਆਂ ਨੂੰ ਪਛਾਣ ਕੇ ਖੁਸ਼ ਰਹਿ ਸਕਦਾ ਹੈ। ਖੁਸ਼ੀ ਵਾਲੀ ਸਥਿਤੀ ਗੁਰੂ ਦੀ ਸ਼ਰਨ ਵਿਚ ਰਹਿ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਵੇਂ ਗੁਰੂ ਜੀ ਨੇ ਆਖਿਆ ਹੈ-

ਗੁਰ ਕੁੰਜੀ ਪਾਹੁ ਨਿਵਲੁ ਮਨੁ ਕੋਠਾ ਤਨੁ ਛਤਿ।।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ।।
ਉਗੜੇ ਅਵਰ ਨ ਕੁੰਜੀ ਹਥਿ।। ਅੰਗ 1237

ਗੁਰੂ ਜੀ ਦੀ ਬਾਣੀ ਸਧਾਰਨ ਲੋਕਾਂ ਵਿਚ ਇੰਨੀ ਪ੍ਰਚਲਿਤ ਸੀ ਕਿ ਇਨ੍ਹਾਂ ਦੀ ਬਾਣੀ ਲੋਕ ਮੁਹਾਵਰਾ ਵੀ ਬਣੀ। ਕਿਉਂਕਿ ਗੁਰੂ ਜੀ ਦੀ ਬਾਣੀ ਸਰਲ ਸਪੱਸ਼ਟ ਸੀ। ਸਧਾਰਨ ਲੋਕਾਈ ਦੀ ਮਾਤ ਭਾਸ਼ਾ ਵਿਚ ਰਚੀ ਬਾਣੀ ਨੂੰ ਲੋਕਾਂ ਨੇ ਸੋਖਿਆ ਹੀ ਯਾਦ ਕਰ ਲਿਆ ਸੀ। ਜੀਵਨ ਦੀ ਸੱਚਾਈ ਅਤੇ ਆਚਾਰ ਨੀਤੀ ਨੂੰ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਪ੍ਰਗਟ ਕੀਤਾ। ਜਿਵੇਂ

ਨਾਲਿ ਇਆਨੈ ਦੋਸਤੀ, ਕਦੇ ਨਾ ਆਵੈ ਰਾਸਿ।
ਜੇਹਾ ਜਾਣੈ ਤੇਹੋ ਵਰਤੇ ਵੇਖਹੁ ਕੋ ਨਿਰ ਜਾਸਿ।।ਅੰਗ 474

ਆਪ ਜੀ ਦੀ ਸੁਪਤਨੀ ਵੀ ਆਪ ਜੀ ਵਾਂਗ ਤਿਆਗ ਦੀ ਮੂਰਤ ਸੀ। ਆਪ ਜੀ ਤੋਂ ਉਨ੍ਹਾਂ ਨੇ ਅਧਿਆਤਮਿਕ ਪ੍ਰਵਚਨ ਸੁਣ ਕੇ ਜੀਵਨ ਦੀ ਸੱਚਾਈ ਨੂੰ ਜਾਣ ਲਿਆ ਸੀ। ਉਨ੍ਹਾਂ ਨੇ ਆਪਣੀ ਸਾਰੀ ਉਮਰ ਲੰਗਰ ਦੀ ਸੇਵਾ ਅਤੇ ਪਤੀ ਦੇ ਹੁਕਮ ਵਿਚ ਲਾ ਦਿੱਤੀ ਸੀ। ਉਨ੍ਹਾਂ ਨੇ ਗੁਰਗੱਦੀ ਦੇ ਫ਼ੈਸਲੇ ਨੂੰ ਹੁਕਮ ਅਨੁਸਾਰ ਮੰਨਿਆ ਅਤੇ ਆਪਣੇ ਪੁੱਤਰਾਂ ਨੂੰ ਸਮਝਾਇਆ ਸੀ। ਗੁਰੂ ਜੀ ਦੇ ਪੈਰ ਦੇ ਅੰਗੂਠੇ ਦੇ ਜ਼ਖਮ ਨੂੰ ਠੀਕ ਕਰਨ ਲਈ ਰਾਤ ਭਰ ਜਾਗਦੇ ਰਹੇ। ਉਨ੍ਹਾਂ ਨੇ ਗੁਰੂ ਅੰਗਰ ਦੇਵ ਜੀ ਦੀ ਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ ਸੀ। ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ-

ਆਪੁ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ।।
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ।। ਅੰਗ 474

## ਨਿਸਕਰਸ਼

ਗੁਰੂ ਅੰਗਦ ਦੇਵ ਜੀ ਨੇ ਆਪਣਾ ਪੂਰਾ ਜੀਵਨ ਸਿੱਖ ਧਰਮ ਨੂੰ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਮਾਨਵਵਾਦ ਦੇ ਸੰਕਲਪ ਨੂੰ ਅਪਣਾਇਆ ਅਤੇ ਨੀਵੀਂ ਧਿਰ ਦੇ ਲੋਕਾਂ ਨੂੰ ਇੱਕ ਸਾਧਾਰਨ ਪਛਾਣ ਦੇ ਧਾਰਨੀ ਬਣਾਇਆ ਸੀ। ਉਨ੍ਹਾਂ ਨੇ ਸਮਾਜਿਕ ਬਣਤਰ ਵਿਚ ਛੁਪੇ ਵਿਤਕਰੇ ਨੂੰ ਪਛਾਣ ਕੇ ਸਧਾਰਨ ਮਨੁੱਖ ਨੂੰ ਜੀਵਨ ਦੀ ਸੇਧ ਦਿੱਤੀ ਹੈ। ਉਨ੍ਹਾਂ ਦੀ ਬਾਣੀ ਸਮਾਜਿਕ, ਧਾਰਮਿਕ ਅਤੇ ਸਮਾਜਿਕ ਬਣਤਰ ਨੂੰ ਸਾਡੇ ਸਾਮ੍ਹਣੇ ਪੇਸ਼ ਕਰਦੀ ਹੈ। ਲੰਗਰ ਦੀ ਪ੍ਰਥਾ, ਮਲ ਅਖਾੜੇ ਦਾ ਨਿਰਮਾਣ, ਬੱਚਿਆਂ ਲਈ ਸ਼ੋਧ ਪਾਠ, ਹੁਕਮ ਦੀ ਪਰੰਪਰਾ, ਗੁਰੂ ਅਤੇ ਰਜ਼ਾ 'ਚ ਰਹਿਣ ਵਰਗੇ ਚੰਗੇ ਗੁਣਾਂ ਨੂੰ ਪ੍ਰਚਾਰ ਕੇ ਮਾਨਵਵਾਦ ਦੇ ਸੰਕਲਪ ਨੂੰ ਪੂਰਾ ਕੀਤਾ ਸੀ। ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿਪੀ ਦਾ ਵਿਕਾਸ ਕਰ ਕੇ ਮੱਧ ਕਾਲ ਦੀ ਸਨਾਤਨੀ ਬ੍ਰਹਮਣੀ ਪ੍ਰਥਾ ਨੂੰ ਕਰਾਰੀ ਚੋਟ ਲਾਈ। ਹਿੰਦੂ ਬ੍ਰਹਮਣੀ ਸ਼੍ਰੇਣੀ ਆਪਣੇ ਗ੍ਰੰਥਾਂ ਦਾ ਗਿਆਨ ਸੰਸਕ੍ਰਿਤ ਭਾਸ਼ਾ ਵਿਚ ਦਿੰਦੀ ਸੀ। ਇਹ ਭਾਸ਼ਾ ਸ਼ੂਦਰਾਂ ਲਈ ਵਰਜਿਤ ਸੀ। ਗੁਰਮੁਖੀ ਦੇ ਪ੍ਰਚਾਰ ਨਾਲ ਸੰਸਕ੍ਰਿਤ ਦਾ ਦਾਬਾ ਘੱਟ ਗਿਆ ਸੀ। ਗੁਰੂ ਜੀ ਨੇ ਆਪਣੀ ਕਲਮ ਦੀ ਸ਼ਕਤੀ ਨਾਲ ਮੱਧ ਕਾਲ ਦੇ ਅਵਚੇਤਨੀ ਬਿੰਬ ਨੂੰ ਤੋੜਿਆ। ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਸਹੀ ਗਿਆਨ ਅਤੇ ਸਰੀਰਕ ਬਲ ਬਖਸ਼ਿਆ ਸੀ। ਹਾਸ਼ੀਏ 'ਤੇ ਧੱਕੇ ਲੋਕ ਜੋ ਸਦੀਆਂ ਤੋਂ ਮੂਕ ਸਨ ਉਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਪੱਖ ਤੋਂ ਮਜ਼ਬੂਤ ਕੀਤਾ ਸੀ।

## ਸੰਦਰਭ ਸੂਚੀ


1. ਤਸਕੀਨ। ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ। ਲੁਧਿਆਣਾ: ਚੇਤਨਾ ਪ੍ਰਕਾਸ਼ਨ; 2014. ਪੰਨਾ 177।
2. ਜਗਜੀਤ ਸਿੰਘ। ਸਿੱਖ ਇਨਕਲਾਬ। ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; 2000. ਪੰਨਾ 51।
3. ਗੁਰੂ ਅੰਗਦ ਜੀ ਵਿਸ਼ੇਸ਼ ਅੰਕ। ਫਗਵਾੜਾ: ਗੁਰਮਖੀ। ਪੰਨਾ 8।
4. ਜਗਜੀਤ ਸਿੰਘ। ਸਿੱਖ ਇਨਕਲਾਬ। ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; 2000. ਪੰਨਾ 41।


**Creative Commons (CC) License**

This article is an open-access article distributed under the terms and conditions of the Creative Commons Attribution (CC BY 4.0) license. This license permits unrestricted use, distribution, and reproduction in any medium, provided the original author and source are credited.



© 2025 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND). https://creativecommons.org/licenses/by/4.0/